# ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

## (ਸੰਖੇਪ ਜਾਣਕਾਰੀ)



ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

ਡਾ: ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ) ਪਿੰਨ : 144207 ਫੋਨ : 01886-260334
E-mail : RamPurKhera@yahoo.ca | Website : www.RamPurKhera.com



## ਸੱਚਖੰਡ ਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ

**(ਜੀਵਨ ਯਾਤਰਾ 1897 ਈ. ਤੋਂ ਜਨਵਰੀ 1983 ਤੱਕ)**



# ਸੰਤ ਬਾਬਾ ਸੇਵਾ ਸਿੰਘ ਜੀ


ਮੁੱਖ ਸੇਵਾਦਾਰ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

# ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
## (ਤਪ ਅਸਥਾਨ ਸੰਤ ਬਾਬਾ ਹਰਨਾਮ ਸਿੰਘ ਜੀ)

ਦੁਆਬੇ ਦੇ ਜ਼ਿਲਾ ਹੁਸ਼ਿਆਰਪੁਰ ਤੋਂ ਦਸੂਹਾ ਜਾਣ ਵਾਲੀ ਸੜਕ ਉੱਪਰ ਹੁਸ਼ਿਆਰਪੁਰ ਤੋਂ 28 ਕਿਲੋਮੀਟਰ ਦੀ ਦੂਰੀ ਉੱਤੇ ਅਤੇ ਗੜ੍ਹਦੀਵਾਲਾ ਕਸਬੇ ਤੋਂ 2 ਕਿਲੋਮੀਟਰ ਪਿਛਾਂਹ ਪਿੰਡ ਗੋਂਦਪੁਰ ਤੋਂ ਪਹਿਲਾਂ ਸੜਕ ਦੇ ਆਰ-ਪਾਰ ਇੱਕ ਵੱਡ-ਅਕਾਰੀ ਗੇਟ **''ਗੁਰਦੁਆਰਾ ਰਾਮਪੁਰ ਖੇੜਾ ਸਾਹਿਬ''** ਨੂੰ ਜਾਣ ਦੇ ਰਸਤੇ ਦਾ ਸੰਕੇਤ ਦਿੰਦਾ ਹੈ। ਮੁੱਖ ਸੜਕ ਤੋਂ ਲਹਿੰਦੇ ਪਾਸੇ ਵੱਲ ਪੱਕੀ ਸੜਕ ਤੇ ਗੁਰਦੁਆਰਾ ਸਾਹਿਬ ਦੀ ਦੂਰੀ ਕੇਵਲ ਇੱਕ ਕਿਲੋਮੀਟਰ ਹੈ।

ਜਿਥੇ ਪੁੱਜਦਿਆਂ ਹੀ ਅਸਮਾਨ ਨਾਲ ਛੂੰਹਦੇ ਗੁਰਦੁਆਰਾ ਸਾਹਿਬ ਦੇ ਗੁੰਬਦ, ਝੂਲਦੇ ਖਾਲਸਾਈ ਨਿਸ਼ਾਨ ਸਾਹਿਬ, ਚਾਰੋਂ ਤਰਫ਼ ਵਿਚਰਦੇ ਅੰਮ੍ਰਿਤਧਾਰੀ ਖਾਲਸੇ, ਸ਼ਾਂਤ ਫ਼ਿਜ਼ਾਂ ਵਿੱਚੋਂ ਉਮਡਦੀ ਗੁਰਬਾਣੀ ਅਤੇ ਗੁਰਮਤਿ ਦੀ ਮਹਿਕ, ਪ੍ਰਭੂ ਨਾਮ ਦੀ ਬਰਕਤ ਦਾ ਪ੍ਰਤੱਖ ਝਲਕਾਰਾ ਦਿੰਦੀ ਹੈ। ਮਹਾਂਪੁਰਖਾਂ ਦੀ ਭਜਨ-ਬੰਦਗੀ ਦੇ ਪ੍ਰਤਾਪ ਸਦਕਾ ਅਤੇ ਇਥੋਂ ਦੇ ਸ਼ਾਂਤ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਨ ਕਾਰਣ ਦਰਸ਼ਨ ਕਰਨ ਆਉਣ ਵਾਲੇ ਪ੍ਰਾਣੀ ਦਾ ਮਨ ਸੁਤੇ-ਸਿੱਧ ਹੀ ਪ੍ਰਭੂ ਪਿਆਰ ਵਿੱਚ ਭਿੱਜ ਜਾਂਦਾ ਹੈ।

ਅੱਜ ਰੂਹਾਨੀ ਖੇੜਾ ਵੰਡਣ ਵਾਲਾ ਇਹ ਅਸਥਾਨ, 1949 ਈ. ਤੋਂ ਪਹਿਲੇ, ਇੱਕ ਅਤਿ ਭਿਆਨਕ, ਉਜਾੜ-ਬੀਆਬਾਨ ਦਿੱਖ ਵਾਲਾ ਡਰਾਉਣਾ ਥੇਹ ਸੀ, ਜਿਸ ਨੂੰ ਲੋਕ ਭੂਤਾਂ-ਪ੍ਰੇਤਾਂ, ਵਾਲਾ ''ਸਕਤਾ-ਥੇਹ'' ਜਾਣ ਕੇ ਇਸ ਦੇ ਨੇੜਿਓਂ ਲੰਘਣ ਤੋਂ ਵੀ ਗੁਰੇਜ਼ ਕਰਦੇ ਸਨ। ਇਸ ਸਕਤੇ-ਥੇਹ ਉੱਪਰ ਸਦੀਆਂ ਪੁਰਾਣੇ ਪਿੱਪਲਾਂ ਅਤੇ ਬੋਹੜਾਂ ਦਾ ਡਰਾਉਣਾ ਝੁੰਡ ਸੀ। ਇਨ੍ਹਾਂ ਪਿੱਪਲਾਂ ਅਤੇ ਬੋਹੜਾਂ ਦੇ ਡਾਹਣਿਆਂ ਉੱਪਰ ਇੱਲਾਂ, ਗਿਰਝਾਂ, ਕਾਂਵਾਂ, ਚਮਗਿੱਦੜਾਂ ਅਤੇ ਉੱਲੂਆਂ ਆਦਿਕ ਜਾਨਵਰਾਂ ਨੇ ਆਲ੍ਹਣੇ ਬਣਾ ਕੇ ਆਪਣਾ ਵਸੇਬਾ ਕੀਤਾ ਹੋਇਆ ਸੀ। ਇਨ੍ਹਾਂ ਹੀ ਦਰਖ਼ਤਾਂ ਦੇ ਡਿੱਗੇ ਪੱਤਿਆਂ ਦੀਆਂ ਉੱਚੀਆਂ ਤੈਹਾਂ ਵਿੱਚ ਸੱਪ, ਠੂੰਹੇਂ, ਕੰਨਖ਼ਜੂਰੇ ਅਤੇ ਹੋਰ ਜ਼ਹਿਰੀਲੇ ਜੀਵ ਆਪਣੇ ਘਰ ਬਣਾ ਕੇ ਬੇ-ਫ਼ਿਕਰੀ ਦਾ ਜੀਵਨ ਬਤੀਤ ਕਰਦੇ ਸਨ ਕਿਉਂਕਿ ਇਹ ਡਰਾਉਣਾ, ਸਕਤਾ-ਥੇਹ ਮਨੁੱਖੀ ਪੈਰਾਂ ਦੀ ਛੋਹ ਤੋਂ ਬਿਲਕੁਲ ਅਛੋਹ ਸੀ।



ਇਸ ਭਿਆਨਕ, ਸਕਤੇ-ਥੇਹ ਉੱਪਰ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਸੰਤ ਬਾਬਾ ਹਰਨਾਮ ਸਿੰਘ ਜੀ ਨੇ ੧੯੪੯ ਈ: ਵਿੱਚ ਆਪਣੇ ਚਰਨ ਪਾਏ ਅਤੇ ਪ੍ਰਭੂ ਬੰਦਗੀ ਕਰ ਕੇ **''ਜਿਥੈ ਨਾਮੁ ਜਪੀਐ ਪ੍ਰਭ ਪਿਆਰੇ।। ਸੇ ਅਸਥਲ ਸੋਇਨ ਚਉਬਾਰੇ।।''** ਦੇ ਗੁਰੂ ਫ਼ੁਰਮਾਨਾਂ ਨੂੰ ਸਾਕਾਰ ਕਰ ਦਿਖਾਇਆ। ਮਨੁੱਖੀ ਛੋਹ ਨੂੰ ਤਰਸਦੀ ਇਸ ਡਰਾਉਣੇ ਥੇਹ ਦੀ ਧਰਤੀ ਨੂੰ ਭਜਨ-ਬੰਦਗੀ ਦੀ ਬਦੌਲਤ ''ਰਾਮ ਦੀ ਪੁਰੀ'' ਅਤੇ ''ਖੁਸ਼ੀਆਂ-ਖੇੜਿਆਂ'' ਦੀ ਨਿਧੀ ਬਣਾ ਦਿੱਤਾ। ਥੋੜ੍ਹੇ ਹੀ ਸਮੇਂ ਵਿੱਚ ਇਸ ਅਸਥਾਨ ਉੱਪਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਜਾਣ ਉਪ੍ਰੰਤ ਇਸ ਥਾਂ ਦਾ ਨਾਮ ''ਗੁਰਦੁਆਰਾ ਰਾਮਪੁਰ ਖੇੜਾ ਸਾਹਿਬ'' ਕਰਕੇ ਜਗਤ ਪ੍ਰਸਿੱਧ ਹੋ ਗਿਆ। ਸੰਤ ਬਾਬਾ ਹਰਨਾਮ ਸਿੰਘ ਜੀ ਦੇ ਪਾਰਸੀ ਜੀਵਨ ਦੀ ਵਿਸਥਾਰ ਪੂਰਵਕ ਜਾਣਕਾਰੀ, ਉਹਨਾਂ ਦੀ ਜੀਵਨ-ਗਾਥਾ ਪੁਸਤਕ **"ਸੇ ਕਿਨੇਹਿਆ?"** ਵਿੱਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਅੱਜ ਇਸ ਅਸਥਾਨ ਤੋਂ ਬਾਬਾ ਜੀ ਦੇ ਉਤਰਾਧਿਕਾਰੀ, ਸੰਤ ਬਾਬਾ ਸੇਵਾ ਸਿੰਘ ਜੀ ਦੀ ਸੁਯੋਗ ਦੇਖ-ਰੇਖ ਹੇਠ ਧਾਰਮਿਕ, ਸਮਾਜਿਕ ਅਤੇ ਮਨੁੱਖਤਾ ਦੇ ਭਲੇ ਹਿਤ ਬੇਅੰਤ ਕਾਰਜ ਗੁਰੂ ਅਗਵਾਈ ਵਿੱਚ, ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੇ ਹਨ।




## ਗੁਰਦੁਆਰਾ ਸਾਹਿਬ ਦਾ ਨਿਤਾ ਪ੍ਰਤੀ ਪ੍ਰੋਗਰਾਮ

ਅੰਮ੍ਰਿਤ ਵੇਲੇ 4 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਪ੍ਰੰਤ ਪੰਜ ਬਾਣੀਆਂ ਦੇ ਨਿੱਤਨੇਮ ਫਿਰ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਉਪ੍ਰੰਤ 8 ਵਜੇ ਸਵੇਰ ਦੇ ਦੀਵਾਨ ਦੀ ਸਮਾਪਤੀ ਹੁੰਦੀ ਹੈ। ਦੁਪਹਿਰ 12 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੰਗਤੀ ਰੂਪ ਵਿੱਚ ਕੀਤਾ ਜਾਂਦਾ ਹੈ। ਸ਼ਾਮ ਨੂੰ 1½ ਘੰਟਾ ਗੁਰਬਾਣੀ ਕੀਰਤਨ ਅਤੇ ਸੋ ਦਰੁ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਉਪ੍ਰੰਤ 8 ਕੁ ਵਜੇ ਦੇ ਕਰੀਬ ਸਤਿਗੁਰੂ ਜੀ ਦੇ ਸੁਖਆਸਨ ਤੋਂ ਬਾਅਦ ਸਮਾਪਤੀ ਹੁੰਦੀ ਹੈ। ਰਾਤ ਦਾ ਲੰਗਰ ਛਕਣ ਉਪ੍ਰੰਤ ਅੱਧਾ ਘੰਟਾ ਸੰਗਤੀ ਸਿਮਰਨ ਅਤੇ ਫਿਰ ਇੱਕ ਘੰਟਾ ਗੁਰਬਾਣੀ ਦੀ ਲੜੀਵਾਰ ਕਥਾ ਵਿੱਚ ਸਰਬ ਸੰਗਤਾਂ ਹਾਜ਼ਰੀ ਭਰ ਕੇ ਆਤਮਿਕ ਤ੍ਰਿਪਤੀ ਪ੍ਰਾਪਤ ਕਰਦੀਆਂ ਹਨ। ਦਿਨ ਰਾਤ ਸਾਰਾ ਸਮਾਂ ਅਖੰਡ ਪਾਠ ਅਤੇ ਸਹਿਜ ਪਾਠ ਦੇ ਰੂਪ ਵਿੱਚ ਗੁਰੂ ਕੀ ਬਾਣੀ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ। ਜਗਿਆਸੂ ਕਿਸੇ ਸਮੇਂ ਵੀ ਗੁਰਬਾਣੀ ਦਾ ਪਾਠ ਸੁਣ ਕੇ ਲਾਹਾ ਪ੍ਰਾਪਤ ਕਰ ਸਕਦੇ ਹਨ। ਜਿਨ੍ਹਾਂ ਅਧਿਆਤਮਿਕ ਜਗਿਆਸੂਆਂ ਨੇ ਇਕਾਂਤ ਵਿੱਚ ਬੈਠ ਕੇ ਭਜਨ-ਸਿਮਰਨ ਕਰਨਾ ਹੋਵੇ, ਉਨ੍ਹਾਂ ਦੀ ਰਿਹਾਇਸ਼ ਅਥਵਾ ਹੋਰ ਜਰੂਰਤਾਂ ਦੀ ਪੂਰਤੀ ਕਰਕੇ ਸੇਵਾ ਕਰਨ ਲਈ ਪੂਰਾ ਯਤਨ ਕੀਤਾ ਜਾਂਦਾ ਹੈ।

## ਨਾਮ ਅਭਿਆਸ ਕਮਾਈ ਸਮਾਗਮ

**"ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ"** ਦੇ ਮਨੋਰਥ ਦੀ ਪ੍ਰਾਪਤੀ ਵਾਸਤੇ, ਗੁਰਦੁਆਰਾ ਸਾਹਿਬ ਵਿਖੇ ਹਰ ਸਾਲ **"ਤਿੰਨ ਨਾਮ ਅਭਿਆਸ ਕਮਾਈ ਸਮਾਗਮ"** ਰਚੇ ਜਾਂਦੇ ਹਨ । **ਜਨਵਰੀ ਮਹੀਨੇ ਮਹਾਂਪੁਰਖਾਂ ਦੀ ਸਲਾਨਾ ਬਰਸੀ ਮੌਕੇ ਨਾਮ ਅਭਿਆਸ ਕਮਾਈ ਸਮਾਗਮ ਤੋਂ ਇਲਾਵਾ ਅਪ੍ਰੈਲ ਮਹੀਨੇ ਅਤੇ ਅਕਤੂਬਰ ਮਹੀਨੇ ਦੇ ਪਹਿਲੇ ਐਤਵਾਰ ਤੋਂ ਅਰੰਭ ਹੋ ਕੇ ਦੂਸਰੇ ਐਤਵਾਰ ਤੱਕ ਅੱਠ-ਅੱਠ ਦਿਨਾਂ ਦੇ ਦੋ ਨਾਮ ਅਭਿਆਸ ਕਮਾਈ ਸਮਾਗਮ ਹੁੰਦੇ ਹਨ, ਜਿਨ੍ਹਾਂ ਦੀ ਰੂਪ ਰੇਖਾ ਅੱਗੇ ਲਿਖੀ ਗਈ ਹੈ :**

ਹਰ ਸਾਲ 1 ਜਨਵਰੀ ਤੋਂ 4 ਜਨਵਰੀ ਤੱਕ ਮਹਾਂਪੁਰਖਾਂ ਦੀ ਸਲਾਨਾ ਬਰਸੀ ਦੇ ਪ੍ਰੋਗਰਾਮ ਦੌਰਾਨ 1 ਤੋਂ 3 ਜਨਵਰੀ ਤੱਕ ਨਾਮ ਅਭਿਆਸ ਕਮਾਈ ਸਮਾਗਮ ਹੁੰਦਾ ਹੈ। 3 ਜਨਵਰੀ ਰਾਤ ਨੂੰ ਰੈਣ ਸਬਾਈ ਕੀਰਤਨ ਅਤੇ 4 ਜਨਵਰੀ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ੇਸ਼ ਸਮਾਗਮ ਹੁੰਦਾ ਹੈ। ਜਿਸ ਵਿੱਚ ਉੱਘੇ ਕੀਰਤਨੀਏ, ਸੰਤ-ਮਹਾਤਮਾਂ ਅਤੇ ਉੱਚ ਕੋਟੀ ਦੇ ਵਿਦਵਾਨ ਕਥਾ-ਕੀਰਤਨ ਅਤੇ ਗੁਰਮਤਿ ਵੀਚਾਰਾਂ ਦੁਆਰਾ ਸੰਗਤਾਂ ਨੂੰ ਗੁਰੂ ਉਪਦੇਸ਼ ਦ੍ਰਿੜ ਕਰਵਾਉਂਦੇ ਹਨ।

**ਨਾਮ ਅਭਿਆਸ ਕਮਾਈ ਸਮਾਗਮ ਦੇ ਨਿਤਾ ਪ੍ਰਤੀ ਪ੍ਰੋਗਰਾਮ ਦਾ ਵੇਰਵਾ ਅਗਲੇ ਪੰਨੇ ਉੱਤੇ ਦਿੱਤਾ ਗਿਆ ਹੈ।**






ਕੀਰਤਨੀ ਜਥੇ ਸੰਗਤਾਂ ਨੂੰ ਕੀਰਤਨ ਸਰਵਣ ਕਰਾਉਂਦੇ ਹੋਏ








## ਨਾਮ ਅਭਿਆਸ ਕਮਾਈ ਸਮਾਗਮ ਦਾ
# ਨਿਤਾ ਪ੍ਰਤੀ ਪ੍ਰੋਗਰਾਮ

| ਵੇਰਵਾ | ਸਮਾਂ |
|---|---|
| ਇਸ਼ਨਾਨ ਤੇ ਨਿੱਤਨੇਮ (ਨਿਜੀ) | 2 ਤੋਂ 3.30 ਅੰਮ੍ਰਿਤ ਵੇਲੇ |
| ਬਨਫਸ਼ਾ/ਚਾਹ | 3.30 ਤੋਂ 4 ਅੰਮ੍ਰਿਤ ਵੇਲੇ |
| ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 4 ਤੋਂ 4.15 ਅੰਮ੍ਰਿਤ ਵੇਲੇ |
| ਨਾਮ-ਅਭਿਆਸ (ਸੰਗਤੀ) | 4.15 ਤੋਂ 5.15 ਅੰਮ੍ਰਿਤ ਵੇਲੇ |
| ਕੀਰਤਨ ਆਸਾ ਜੀ ਦੀ ਵਾਰ | 5.15 ਤੋਂ 7.30 ਵਜੇ ਸਵੇਰੇ |
| ਹੁਕਮਨਾਮੇ ਦੀ ਵਿਚਾਰ ਉਪਰੰਤ ਅਰਦਾਸ | 7.30 ਤੋਂ 8.30 ਵਜੇ ਸਵੇਰੇ |
| ਪ੍ਰਸ਼ਾਦਾ ਅਤੇ ਬਿਸਰਾਮ | 8.30 ਤੋਂ 10 ਵਜੇ ਸਵੇਰੇ |
| ਪਾਠ ਸ੍ਰੀ ਸੁਖਮਨੀ ਸਾਹਿਬ | 10.00 ਤੋਂ 11.15 ਵਜੇ ਸਵੇਰੇ |
| ਕਥਾ ਗੁਰਮਤਿ ਵਿਚਾਰ | 11.15 ਤੋਂ 12.15 ਵਜੇ ਦੁਪਹਿਰ |
| ਪ੍ਰਸ਼ਾਦਾ ਅਤੇ ਬਿਸਰਾਮ | 12.15 ਤੋਂ 3.30 ਵਜੇ ਸ਼ਾਮ |
| ਬਨਫਸ਼ਾ/ਚਾਹ | 3.30 ਤੋਂ 4.00 ਵਜੇ ਸ਼ਾਮ |
| ਨਾਮ ਅਭਿਆਸ (ਸੰਗਤੀ) | 4.00 ਤੋਂ 5.00 ਵਜੇ ਸ਼ਾਮ |
| ਕੀਰਤਨ | 5.00 ਤੋਂ 6.30 ਵਜੇ ਸ਼ਾਮ |
| ਸੋਦਰ, ਆਰਤੀ ਅਤੇ ਕੀਰਤਨ ਉਪਰੰਤ ਅਰਦਾਸ ਅਤੇ ਪ੍ਰਸ਼ਾਦਾ | 6.30 ਤੋਂ 9.30 ਵਜੇ ਰਾਤ |
| ਨਿੱਜੀ ਨਾਮ ਅਭਿਆਸ | ਬਿਸਰਾਮ ਅਸਥਾਨ ਤੇ |

ਸਮਾਗਮਾਂ ਦੌਰਾਨ ਗੁਰੂ ਜਸ ਸਰਵਣ ਕਰਦੀਆਂ ਸੰਗਤਾਂ








ਗੁਰਬਾਣੀ ਕੰਠ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਬੱਚੇ
ਇਨਾਮ ਪ੍ਰਾਪਤ ਕਰਦੇ ਹੋਏ







ਇਹਨਾਂ ਸਮਾਗਮਾਂ ਦੌਰਾਨ ਹੀ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਅਤੇ ਧਾਰਮਿਕ ਪੱਖੋਂ ਉਤਸ਼ਾਹਿਤ ਕਰਨ ਲਈ ਗੁਰਬਾਣੀ ਕੰਠ ਮੁਕਾਬਲੇ, ਸਿੱਖ ਇਤਿਹਾਸ ਦੀ ਜਾਣਕਾਰੀ ਬਾਰੇ ਮੁਕਾਬਲੇ ਅਤੇ ਸੁੰਦਰ ਦਸਤਾਰ ਮੁਕਾਬਲੇ ਕਰਵਾ ਕੇ ਯੋਗ ਇਨਾਮ ਦਿੱਤੇ ਜਾਂਦੇ ਹਨ।

ਉਪ੍ਰੋਕਤ ਨਾਮ ਅਭਿਆਸ ਕਮਾਈ ਸਮਾਗਮਾਂ ਤੋਂ ਇਲਾਵਾ ਗੁਰਪੁਰਬਾਂ, ਸੰਗਰਾਂਦਾਂ ਦੇ ਨਾਲ ਨਾਲ ਅੱਸੂ ਮਹੀਨੇ ਦੇ ਪਹਿਲੇ ਐਤਵਾਰ ਨੂੰ ਵੀ ਗੁਰਮਤਿ-ਸਮਾਗਮ ਹੁੰਦੇ ਹਨ, ਜਿਨ੍ਹਾਂ ਵਿੱਚ ਸੰਗਤਾਂ ਕਥਾ-ਕੀਰਤਨ ਦਾ ਅਨੰਦ ਮਾਣਦੀਆਂ ਹਨ ਹਰ ਸਮਾਗਮ ਅਤੇ ਸੰਗਰਾਂਦ ਨੂੰ **ਅੰਮ੍ਰਿਤ ਸੰਚਾਰ** ਹੁੰਦਾ ਹੈ।




ਗੁਰਦੁਆਰਾ ਸਾਹਿਬ ਵਿੱਚ ਕੀਰਤਨ ਸਿੱਖ ਰਹੇ ਬੱਚੇ

# ਗੁਰਮਤਿ ਸੰਗੀਤ ਵਿਦਿਆਲਾ

ਗੁਰਮਤਿ ਸੰਗੀਤ (ਕੀਰਤਨ) ਦੀ ਸਿਖਲਾਈ ਦੇਣ ਲਈ ਗੁਰਦੁਆਰਾ ਸਾਹਿਬ ਵਿਖੇ **"ਸੰਤ ਬਾਬਾ ਹਰਨਾਮ ਸਿੰਘ ਜੀ ਗੁਰਮਤਿ ਸੰਗੀਤ ਵਿਦਿਆਲਾ"** ਚੱਲ ਰਿਹਾ ਹੈ ਜਿਸ ਵਿੱਚ 125-150 ਵਿਦਿਆਰਥੀ ਤਬਲਾ, ਹਰਮੋਨੀਅਮ ਅਤੇ ਤੰਤੀ ਸਾਜ਼ਾਂ ਦੁਆਰਾ ਕੀਰਤਨ ਦੀ ਸਿਖਲਾਈ ਪ੍ਰਾਪਤ ਕਰ ਰਹੇ ਹਨ। ਕਈ ਜਥੇ ਸਿਖਲਾਈ ਪ੍ਰਾਪਤ ਕਰ ਕੇ ਵੱਖੋ-ਵੱਖਰੇ ਗੁਰੂ ਘਰਾਂ ਵਿੱਚ ਕੀਰਤਨ ਦੀ ਸੇਵਾ ਨਿਭਾਹ ਰਹੇ ਹਨ। ਇਸ ਕਾਰਜ ਲਈ ਰਾਗਾਂ ਅਤੇ ਸਾਜ਼ਾਂ ਦੇ ਮਾਹਿਰ ਪ੍ਰੋਫ਼ੈਸਰ ਨਿਯੁਕਤ ਕੀਤੇ ਗਏ ਹਨ। ਇਨਾਂ ਬੱਚਿਆਂ ਵਿੱਚੋਂ ਬਹੁਤ ਸਾਰੇ ਬੱਚੇ ਸਕੂਲ ਅਤੇ ਕਾਲਜ ਵਿੱਚ ਵੀ ਵਿਦਿਆ ਪ੍ਰਾਪਤ ਕਰ ਰਹੇ ਹਨ।

# ਗੁਰਬਾਣੀ ਪਾਠ ਸੰਥਯਾ

ਕੀਰਤਨ ਸਿਖਲਾਈ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦਾ ਸ਼ੁੱਧ ਉਚਾਰਣ ਸਿਖਾਉਣ ਲਈ ਟਕਸਾਲੀ ਅਧਿਆਪਕ ਦਾ ਵੀ ਪ੍ਰਬੰਧ ਹੈ ਅਤੇ ਹਰ ਰੋਜ਼ ਸਾਰੇ ਵਿਦਿਆਰਥੀਆਂ ਦੀ ਦੋ ਘੰਟੇ ਗੁਰਬਾਣੀ ਸੰਥਯਾ ਦੀ ਕਲਾਸ ਲਗਦੀ ਹੈ।

ਗੁਰਬਾਣੀ ਪਾਠ ਸੰਥਿਆ ਲੈਂਦੇ ਸਿਖਿਆਰਥੀ



# ਲੋੜਵੰਦ ਬੱਚਿਆਂ ਨੂੰ ਸਕੂਲੀ ਵਿੱਦਿਆ

ਕੀਰਤਨ ਸਿਖਲਾਈ ਅਤੇ ਗੁਰਬਾਣੀ ਸੰਥਿਆ ਦੇਣ ਤੋਂ ਇਲਾਵਾ ਜੋ ਗਰੀਬ ਪ੍ਰਵਾਰਾਂ ਦੇ ਬੱਚੇ ਆਪਣੀ ਪੜ੍ਹਾਈ ਦਾ ਖਰਚਾ ਨਹੀਂ ਕਰ ਸਕਦੇ, ਉਚੇਚੇ ਤੌਰ ਤੇ ਉਹਨਾਂ ਦੇ ਸਕੂਲ ਅਤੇ ਕਾਲਜ ਤੱਕ ਪੜ੍ਹਨ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਕੀਤਾ ਗਿਆ ਹੈ। ਮੌਜੂਦਾ ਸਮੇਂ ਗੁਰਦੁਆਰਾ ਸਾਹਿਬ ਵਿਖੇ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਆਏ 100 ਦੇ ਕਰੀਬ ਲੋੜਵੰਦ ਬੱਚੇ ਸਕੂਲਾਂ, ਕਾਲਜਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੇ ਹਨ। ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਵਿੱਚ ਘਰ ਵਰਗਾ ਮਹੌਲ ਪ੍ਰਦਾਨ ਕਰਨ ਦਾ ਪੂਰਾ-ਪੂਰਾ ਯਤਨ ਕੀਤਾ ਜਾਂਦਾ ਹੈ। ਸਾਰੇ ਬੱਚਿਆਂ ਨੂੰ ਕੱਪੜੇ, ਯੋਗ ਖੁਰਾਕ, ਕਿਤਾਬਾਂ, ਫ਼ੀਸਾਂ ਅਤੇ ਆਵਾਜਾਈ ਦੇ ਸਾਧਨ ਪ੍ਰਦਾਨ ਕਰਨ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਕੀਤਾ ਜਾਂਦਾ ਹੈ। ਵਿੱਦਿਆ ਪ੍ਰਾਪਤੀ ਲਈ ਪਿੰਡਾਂ ਵਿੱਚ ਵੀ ਲੋੜਵੰਦ ਬੱਚਿਆਂ ਦੀ ਮਾਇਕ ਮਦਦ ਇਸ ਅਸਥਾਨ ਤੋਂ ਕੀਤੀ ਜਾਂਦੀ ਹੈ। ਹੁਣ ਤੱਕ ਕਈ ਬੱਚੇ ਉੱਚ-ਵਿੱਦਿਆ ਪ੍ਰਾਪਤ ਕਰ ਕੇ ਆਪਣਾ ਅਤੇ ਪ੍ਰਵਾਰ ਦਾ ਸੁਚਾਰੂ ਨਿਰਬਾਹ ਕਰਨ ਦੇ ਯੋਗ ਹੋ ਚੁੱਕੇ ਹਨ।

# ਅੰਮ੍ਰਿਤ ਸੰਚਾਰ



ਹਰ ਸੰਗਰਾਂਦ ਨੂੰ ਅੰਮ੍ਰਿਤ ਅਭਿਲਾਖੀਆਂ ਲਈ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਅੰਮ੍ਰਿਤ ਛਕਾਇਆ ਜਾਂਦਾ ਹੈ। ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਪਾਨ ਕਰਨ ਸਮੇਂ ਅਤੇ ਬਾਅਦ ਵਿੱਚ ਵੀ ਸਾਰੇ ਕਕਾਰਾਂ ਦੀ ਫ੍ਰੀ ਸੇਵਾ ਕੀਤੀ ਜਾਂਦੀ ਹੈ। ਗੁਰਪੁਰਬਾਂ ਅਤੇ ਸਮਾਗਮਾਂ ਦੌਰਾਨ ਵੀ ਅੰਮ੍ਰਿਤ ਸੰਚਾਰ ਹੁੰਦਾ ਹੈ। ਇਸ ਤੋਂ ਇਲਾਵਾ ਬਾਹਰ ਨਗਰਾਂ, ਸ਼ਹਿਰਾਂ ਵਿੱਚ ਵੀ ਅੰਮ੍ਰਿਤ ਸੰਚਾਰ ਦੀ ਮੰਗ ਪੂਰੀ ਕਰਨ ਲਈ ਪੰਜਾਂ ਪਿਆਰਿਆਂ ਦੇ ਜਾਣ ਦਾ ਪੂਰਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਕੀਤਾ ਜਾਂਦਾ ਹੈ। ਹੁਣ ਤੱਕ ਅਨਗਿਣਤ ਪ੍ਰਾਣੀ ਇਥੋਂ ਅੰਮ੍ਰਿਤ ਛਕ ਕੇ ਗੁਰੂ ਲੜ ਲੱਗ ਕੇ ਆਪਣਾ ਜਨਮ ਸਫਲਾ ਕਰ ਰਹੇ ਹਨ।

# ਲਾਇਬ੍ਰੇਰੀ

ਗੁਰਮਤਿ ਸਾਹਿਤ ਤੋਂ ਲਾਹਾ ਪ੍ਰਾਪਤ ਕਰਨ ਲਈ ਅਤੇ ਗੁਰਮਤਿ ਸਾਹਿਤ ਦੀ ਖ਼ੋਜ ਲਈ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਿਖੇ ਇੱਕ ਵੱਡ-ਆਕਾਰੀ ਲਾਇਬਰੇਰੀ ਸਥਾਪਿਤ ਕੀਤੀ ਗਈ ਹੈ। ਜਿਸ ਵਿੱਚ ਗੁਰਮਤਿ ਸਾਹਿਤ ਤੋਂ ਇਲਾਵਾ ਹੋਰ ਧਰਮਾਂ ਨਾਲ ਸਬੰਧਤ ਪੁਰਾਤਨ ਅਤੇ ਨਵੀਨ ਹਜ਼ਾਰਾਂ ਪੁਸਤਕਾਂ ਉਪਲਬੱਧ ਹਨ।



# ਸਿੱਖ ਅਜਾਇਬ ਘਰ

ਤਸਵੀਰਾਂ ਰਾਹੀਂ ਆਪਣੇ ਅਮੀਰ ਸਿੱਖ ਇਤਿਹਾਸ ਦੀ ਯਾਦ ਹਿਰਦਿਆਂ ਵਿੱਚ ਤਰੋ-ਤਾਜ਼ਾ ਕਰਕੇ ਇਸ ਤੋਂ ਪ੍ਰੇਰਨਾ ਲੈ ਸਕਣ ਦੇ ਮੰਤਵ ਨਾਲ ਗੁਰਦੁਆਰਾ ਸਾਹਿਬ ਅੰਦਰ 120 ft. X 120 ft. ਦੇ ਇੱਕ ਵੱਡੇ ਹਾਲ ਵਿੱਚ **'ਸਿੱਖ ਅਜਾਇਬ ਘਰ'** ਦੀ ਸਥਾਪਨਾ ਕੀਤੀ ਗਈ ਹੈ। ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤੱਕ ਦੇ ਸਿੱਖ ਇਤਿਹਾਸ ਨੂੰ ਤਕਰੀਬਨ 400 ਚਿੱਤਰਾਂ ਰਾਹੀਂ ਮੂਰਤੀਮਾਨ ਕੀਤਾ ਗਿਆ ਹੈ ਅਤੇ ਇਹ ਕਾਰਜ ਅੱਗੇ ਵੀ ਜਾਰੀ ਹੈ।



## ਆਡੀਟੋਰੀਅਮ
**(Auditorium)**

ਅਜਾਇਬ ਘਰ ਹਾਲ ਦੇ ਨਾਲ ਹੀ **30 ft X 80 ft** ਦਾ ਇੱਕ **Dark Room** ਬਣਾ ਕੇ ਆਧੁਨਿਕ ਤਕਨੀਕ ਦਾ ਸੁੰਦਰ ਆਡੀਟੋਰੀਅਮ ਬਣਾਇਆ ਗਿਆ ਹੈ। ਜਿਸ ਅੰਦਰ ਪ੍ਰੋਜੈਕਟਰ ਦੁਆਰਾ ਵੱਡੀ ਸਕਰੀਨ ਉੱਪਰ ਸਿੱਖ ਇਤਿਹਾਸ ਨਾਲ ਸਬੰਧਤ ਤਥਾ ਨਸ਼ਿਆਂ ਅਤੇ ਸਮਾਜਿਕ ਕੁਰੀਤੀਆਂ ਦੇ ਬੁਰੇ ਪ੍ਰਭਾਵ ਦਰਸਾਉਣ ਵਾਲੀਆਂ ਫ਼ਿਲਮਾਂ ਵਿਖਾ ਕੇ, ਸਮਾਜ ਵਿੱਚ ਜਾਗ੍ਰਤੀ ਪੈਦਾ ਕਰਕੇ ਆਪਣੇ ਧਰਮ ਅਤੇ ਵਿਰਸੇ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।



ਆਡੀਟੋਰੀਅਮ ਵਿੱਚ ਬੈਠੀਆ ਸੰਗਤਾਂ



ਪਿੰਡਾਂ ਵਿੱਚ ਪ੍ਰੋਜੈਕਟਰ ਰਾਂਹੀ ਕੀਤੇ ਜਾ ਰਹੇ ਪ੍ਰਚਾਰ ਦੀ ਇੱਕ ਝਲਕ

# ਸਮਾਜਿਕ ਚੇਤਨਤਾ ਦੇ ਉਪਰਾਲੇ

ਸਵੇਰ ਦੇ ਸਮੇਂ ਸਕੂਲਾਂ, ਕਾਲਜਾਂ ਵਿੱਚ ਜਾ ਕੇ ਵਿਦਿਆਰਥੀਆਂ ਨਾਲ ਗੁਰਮਤਿ ਵੀਚਾਰਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਸ਼ਾਮ ਦੇ ਸਮੇਂ, ਪਿੰਡਾਂ ਵਿੱਚ ਜਾ ਕੇ ਪ੍ਰੋਜੈਕਟਰ ਦੁਆਰਾ ਸਕਰੀਨ ਉੱਪਰ ਸਿੱਖ ਇਤਿਹਾਸ ਨਾਲ ਸਬੰਧਤ, ਨਸ਼ਿਆਂ ਅਤੇ ਸਮਾਜਿਕ ਕੁਰੀਤੀਆਂ ਦੇ ਬੁਰੇ ਪ੍ਰਭਾਵ ਦਰਸਾਉਣ ਵਾਲੀਆਂ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ ਤਾਂ ਜੋ ਨਿੱਘਰਦੀ ਨੌਜਵਾਨੀ ਨੂੰ ਹਲੂਣਾ ਦੇ ਕੇ ਉਨ੍ਹਾਂ ਵਿੱਚ ਚੇਤਨਤਾ ਪੈਦਾ ਕੀਤੀ ਜਾ ਸਕੇ। ਇਸ ਪ੍ਰਕਾਰ ਨਰੋਏ ਸਮਾਜ ਦੀ ਸਿਰਜਣਾ ਦਾ ਉਪਰਾਲਾ ਕਰਦਿਆਂ ਇੱਕ ਚੱਲਦੇ-ਫਿਰਦੇ (Mobile) ਆਡੀਟੋਰੀਅਮ ਦਾ ਗੱਡੀ ਵਿੱਚ ਪ੍ਰਬੰਧ ਕੀਤਾ ਗਿਆ ਹੈ। ਜੋ ਲਗਾਤਾਰ ਪਿੰਡਾਂ ਵਿੱਚ ਪ੍ਰਚਾਰ-ਵਹੀਰ ਦੇ ਰੂਪ ਵਿੱਚ ਸੇਵਾ ਕਰ ਰਿਹਾ ਹੈ।

# ਸੰਤ ਬਾਬਾ ਹਰਨਾਮ ਸਿੰਘ ਜੀ ਯਾਦਗਾਰੀ ਅੱਖਾਂ ਦਾ ਫ਼ਰੀ ਹਸਪਤਾਲ

1965 ਈ. ਤੋਂ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਿਖੇ ਹਰ ਸਾਲ ਅਕਤੂਬਰ ਦੇ ਮਹੀਨੇ ਅੱਖਾਂ ਦੇ ਮੁਫ਼ਤ ਅਪਰੇਸ਼ਨਾਂ ਦਾ ਇੱਕ ਵਿਸ਼ਾਲ ਕੈਂਪ ਲਗਾਇਆ ਜਾਂਦਾ ਸੀ। ਇਸ ਫ਼੍ਰੀ ਅਪਰੇਸ਼ਨ ਕੈਂਪ ਵਿੱਚ ਹਰ ਸਾਲ 3000 ਦੇ ਕਰੀਬ ਮਰੀਜਾਂ ਦੀਆਂ ਅੱਖਾਂ ਚੈੱਕ ਕਰ ਕੇ ਦਵਾਈਆਂ ਦਿੱਤੀਆਂ ਜਾਂਦੀਆਂ ਸਨ ਅਤੇ 1000-1100 ਜਰੂਰਤਮੰਦ ਮਰੀਜਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਮਾਹਿਰ ਡਾਕਟਰਾਂ ਪਾਸੋਂ ਕਰਵਾ ਕੇ ਮੁਫ਼ਤ ਲੈਂਜ਼ (Free Lens) ਪਵਾਏ ਜਾਂਦੇ ਸਨ।

ਮਰੀਜਾਂ ਨੂੰ ਸਾਲ ਭਰ ਅੱਖਾਂ ਦੇ ਕੈਂਪ ਦਾ ਇੰਤਜਾਰ ਨਾ ਕਰਨਾ ਪਵੇ ਇਸਨੂੰ ਧਿਆਨ ਵਿੱਚ ਰੱਖਦਿਆਂ ਅਤੇ ਇਸ ਸੇਵਾ ਨੂੰ ਸਾਰਾ ਸਾਲ ਲਗਾਤਾਰ ਜਾਰੀ ਰੱਖਣ ਲਈ ਗੁਰਦੁਆਰਾ ਸਾਹਿਬ ਵਿਖੇ "ਸੰਤ ਬਾਬਾ ਹਰਨਾਮ ਸਿੰਘ ਜੀ ਯਾਦਗਾਰੀ ਅੱਖਾਂ ਦਾ ਫ਼ਰੀ ਹਸਪਤਾਲ" 3 ਜਨਵਰੀ 2008 ਤੋਂ ਸਥਾਪਿਤ ਕਰ ਦਿੱਤਾ ਗਿਆ ਹੈ। ਜਿਸ ਵਿੱਚ ਅੱਖਾਂ ਦੇ ਮਾਹਿਰ ਸਰਜਨ ਹਰ ਹਫ਼ਤੇ ਲੋੜਵੰਦ ਮਰੀਜਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਕਰਦੇ ਹਨ। ਇਵੇਂ ਹੀ ਹਰ ਮਹੀਨੇ ਦੇ ਪਹਿਲੇ ਅਤੇ ਤੀਸਰੇ ਐਤਵਾਰ ਨੂੰ ਨਵੇਂ ਮਰੀਜਾਂ ਦੀਆਂ ਅੱਖਾਂ ਚੈੱਕ ਕਰ ਕੇ ਦਵਾਈ ਦਿੱਤੀ ਜਾਂਦੀ ਹੈ।

ਇਸ ਤਰ੍ਹਾਂ ਹਰ ਮਹੀਨੇ 650 ਤੋਂ ਵੱਧ ਮਰੀਜਾਂ ਦੀਆਂ ਅੱਖਾਂ ਦੇ ਅਪਰੇਸ਼ਨ ਕਰ ਕੇ ਮੁਫ਼ਤ ਲੈਂਜ਼ (Free Lens) ਪਾਏ ਜਾਂਦੇ ਹਨ ਅਤੇ 3000 ਤੋਂ ਉੱਪਰ ਨਵੇਂ ਮਰੀਜਾਂ ਨੂੰ ਚੈੱਕ ਕਰ ਕੇ ਦਵਾਈ ਦਿੱਤੀ ਜਾਂਦੀ ਹੈ। ਜਿਨ੍ਹਾਂ ਮਰੀਜਾਂ ਦੀਆਂ ਅੱਖਾਂ ਵਿੱਚ ਝਿਲੀ ਬਣ ਕੇ ਅੱਖ ਦਾ ਲੈਂਜ਼ ਧੁੰਦਲਾ ਹੋ ਜਾਂਦਾ ਹੈ ਉਸਨੂੰ ਸਾਫ਼ ਕਰਨ ਲਈ YAG Laser ਅਤੇ Green Laser ਮਸ਼ੀਨਾਂ ਦੀ ਸਹੂਲਤ ਵੀ ਇਸ ਹਸਪਤਾਲ ਵਿੱਚ ਉੱਪਲਬਧ ਹੈ। ਜਿਨ੍ਹਾਂ ਨਾਲ ਲੋੜਵੰਦ ਮਰੀਜਾਂ ਦੀ ਨਿਗਾਹ ਦਾ ਧੁੰਦਲਾਪਨ ਠੀਕ ਕੀਤਾ ਜਾਂਦਾ ਹੈ।

ਨੋਟ - ਅੱਖਾਂ ਦੀ ਚੈੱਕਅਪ, ਦਵਾਈਆਂ ਅਤੇ ਅੱਖਾਂ ਦੇ ਅਪਰੇਸ਼ਨ ਕਰ ਕੇ ਲੈਂਜ਼ ਪਾਉਣ ਅਤੇ ਰਿਹਾਇਸ਼ ਦੀ ਇਹ ਸਾਰੀ ਸੇਵਾ ਗੁਰਦੁਆਰਾ ਸਾਹਿਬ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਬਿਲਕੁੱਲ ਮੁਫ਼ਤ ਕੀਤੀ ਜਾਂਦੀ ਹੈ। ਕਿਸੇ ਵੀ ਤਰ੍ਹਾਂ ਦੀ ਪਰਚੀ ਫ਼ੀਸ, ਅਪਰੇਸ਼ਨ ਜਾਂ ਦਵਾਈ ਆਦਿ ਦਾ ਕਿਸੇ ਪਾਸੋਂ ਕੋਈ ਵੀ ਪੈਸਾ ਨਹੀਂ ਲਿਆ ਜਾਂਦਾ।

ਇਸ ਦੇ ਨਾਲ ਹੀ ਜਰੂਰਤਮੰਦ ਮਰੀਜਾਂ ਦੀ ਮਾਇਆ ਅਤੇ ਕੱਪੜਿਆਂ ਆਦਿਕ ਨਾਲ ਵੀ ਜਰੂਰਤ ਪੂਰੀ ਕੀਤੀ ਜਾਂਦੀ ਹੈ।



ਡਾਕਟਰ ਅੱਖਾਂ ਦਾ ਅਪ੍ਰੇਸ਼ਨ ਕਰਦੇ ਹੋਏ

ਡਾਕਟਰ ਮਰੀਜਾਂ ਦੀਆਂ ਅੱਖਾਂ ਚੈੱਕ ਕਰਦੇ ਹੋਏ





ਅਪ੍ਰੇਸ਼ਨ ਪਿੱਛੋਂ ਪੱਟੀਆਂ ਖੋਹਲਣ ਦੀ ਇੰਤਜਾਰ ਕਰਦੇ ਹੋਏ ਮਰੀਜ਼

ਅੱਖਾਂ ਚੈੱਕ ਕਰਵਾਉਣ ਲਈ ਆਪਣੀ ਵਾਰੀ ਦੀ ਉਡੀਕ ਕਰਦੇ ਹੋਏ ਮਰੀਜ਼



## ਮੁਫ਼ਤ ਡਿਸਪੈਂਸਰੀਆਂ

ਗੁਰਦੁਆਰਾ ਸਾਹਿਬ ਵਿੱਚ ਦੋ ਡਿਸਪੈਂਸਰੀਆਂ (ਐਲੋਪੈਥੀ ਅਤੇ ਹੋਮਿਓਪੈਥੀ ਦੀਆਂ) ਚੱਲ ਰਹੀਆਂ ਹਨ ਜਿੱਥੋਂ ਲੋੜਵੰਦ ਮਰੀਜਾਂ ਨੂੰ ਚੈੱਕ ਕਰ ਕੇ ਬਿਲਕੁਲ ਮੁਫਤ ਦਵਾਈ ਦਿੱਤੀ ਜਾਂਦੀ ਹੈ ਅਤੇ ਕੋਈ ਪਰਚੀ ਫੀਸ ਵਗੈਰਾ ਵੀ ਨਹੀਂ ਲਈ ਜਾਂਦੀ।

ਇਸ ਤੋਂ ਇਲਾਵਾ ਸਮਾਗਮਾਂ ਦੌਰਾਨ ਹੱਡੀਆਂ ਦੇ ਮਾਹਿਰ (Orthopedic Surgeon), ਦੰਦਾਂ ਦੇ ਡਾਕਟਰ (Dentist), ਫ਼ੀਜ਼ੀਓਥੈਰਾਪਿਸਟ, ਜ਼ਰੂਰਤਮੰਦਾਂ ਨੂੰ ਆਪਣੀਆਂ ਮਾਹਿਰ ਸੇਵਾਵਾਂ ਵੀ ਪ੍ਰਦਾਨ ਕਰਦੇ ਹਨ।




## ਰਿਹਾਇਸ਼

ਸੰਗਤਾਂ ਦੀ ਰਿਹਾਇਸ਼ੀ ਸਹੂਲਤ ਨੂੰ ਮੁੱਖ ਰੱਖ ਕੇ ਗੁਰਦੁਆਰਾ ਸਾਹਿਬ ਵਿੱਚ **650** ਦੇ ਲੱਗ-ਭੱਗ ਰਿਹਾਇਸ਼ੀ ਕਮਰੇ ਅਤੇ **10** ਵੱਡੇ ਹਾਲ ਤਿਆਰ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਅਟੈਚਟਡ ਬਾਥਰੂਮ, ਲੈਟਰੀਨ ਅਤੇ ਠੰਡੇ-ਗਰਮ ਪਾਣੀ ਦੀ ਸਹੂਲਤ ਉਪਲਬੱਧ ਹੈ। ਰਿਹਾਇਸ਼ੀ ਕਮਰਿਆਂ ਦੀ ਉਸਾਰੀ ਅੱਗੇ ਵੀ ਗੁਰੂ ਮੇਹਰ ਨਾਲ ਜਾਰੀ ਹੈ।



ਗੁਰਦੁਆਰਾ ਸਾਹਿਬ ਕੰਪਲੈਕਸ ਦਾ ਦ੍ਰਿੱਸ਼

# ਲੰਗਰ

ਸੰਗਤਾਂ ਦੇ ਲੰਗਰ ਛਕਣ ਵਾਸਤੇ **120 ft X 120 ft** ਦਾ ਹਵਾਦਾਰ ਲੰਗਰ ਹਾਲ ਵੀ ਤਿਆਰ ਹੋ ਚੁੱਕਾ ਹੈ ਜਿਸ ਵਿੱਚ **3000** ਤੋਂ ਵੱਧ ਪ੍ਰਾਣੀ ਇੱਕੋ ਸਮੇਂ ਲੰਗਰ ਛਕ ਸਕਦੇ ਹਨ। ਲੰਗਰ ਤਿਆਰ ਕਰਨ ਵਾਸਤੇ ਵੀ ਇੱਕ ਵੱਡਾ ਹਾਲ ਬਣਾਇਆ ਗਿਆ ਹੈ, **ਜਿਸ ਵਿੱਚ ਪ੍ਰਸ਼ਾਦੇ ਤਿਆਰ ਕਰਨ ਵਾਲੀਆਂ ਦੋ ਆਟੋਮੈਟਿਕ ਮਸ਼ੀਨਾਂ ਵੀ ਲਗਾਈਆਂ ਗਈਆਂ ਹਨ ਜਿਨ੍ਹਾਂ ਵਿੱਚੋਂ ਇੱਕ ਮਸ਼ੀਨ 4000 ਪ੍ਰਸ਼ਾਦਾ ਇੱਕ ਘੰਟੇ ਵਿੱਚ ਪਕਾਉਂਦੀ ਹੈ।** ਗੁਰਦਆਰਾ ਸਾਹਿਬ ਵਿਖੇ ਸੰਗਤਾਂ, ਯਾਤਰੂਆਂ ਅਤੇ ਲੋੜਵੰਦਾਂ ਲਈ ਗੁਰੂ ਕਾ ਲੰਗਰ ਸਾਰਾ ਦਿਨ ਨਿਰੰਤਰ ਚਲਦਾ ਰਹਿੰਦਾ ਹੈ।





ਲੰਗਰ ਛਕਦੀਆਂ ਸੰਗਤਾਂ





ਪ੍ਰਸ਼ਾਦੇ ਤਿਆਰ ਕਰਨ ਵਾਲੀਆਂ ਦੋ ਮਸ਼ੀਨਾਂ ਜਿਨ੍ਹਾਂ ਵਿੱਚ ਇੱਕ ਮਸ਼ੀਨ ਇੱਕ ਘੰਟੇ ਵਿਚ 4000 ਪ੍ਰਸ਼ਾਦਾ ਤਿਆਰ ਕਰਦੀ ਹੈ





ਲੰਗਰ ਤਿਆਰ ਕਰਦੀਆਂ ਸੰਗਤਾਂ

# ਪੁਸਤਕ ਪ੍ਰਕਾਸ਼ਨਾਵਾਂ

## (Book Publications)

ਗੁਰਮਤਿ ਪ੍ਰਚਾਰ ਹਿੱਤ ਅਤੇ ਅਜੋਕੇ ਸਮਾਜ ਅੰਦਰ ਆ ਰਹੇ ਨਿਘਾਰ ਤੋਂ ਲੋਕਾਈ ਨੂੰ ਜਾਣੂੰ ਕਰਵਾ ਕੇ ਉੱਚੀਆਂ ਸਮਾਜਿਕ ਕਦਰਾਂ ਕੀਮਤਾਂ ਦੀ ਬਹਾਲੀ ਲਈ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੇਵਾ ਸਿੰਘ ਜੀ ਵੱਲੋਂ ਆਪਣੀ ਕਲਮ ਦੁਆਰਾ ਹੁਣ ਤੱਕ ਹੇਠ ਦਰਜ਼ ਵਿਸ਼ਿਆਂ ਉੱਪਰ ਪੁਸਤਕਾਂ ਅਤੇ ਛੋਟੇ ਕਿਤਾਬਚੇ ਲਿਖੇ ਗਏ ਹਨ ਅਤੇ ਗੁਰੂ ਮਿਹਰ ਨਾਲ ਇਹ ਸੇਵਾ ਜਾਰੀ ਹੈ। ਇਹਨਾਂ ਵਿੱਚੋਂ ਬਹੁਤੀਆਂ ਪੁਸਤਕਾਂ ਦੇ ਅਨੁਵਾਦ ਹਿੰਦੀ ਅਤੇ ਅੰਗ੍ਰੇਜ਼ੀ ਵਿੱਚ ਵੀ ਉਪਲੱਬਧ ਹਨ। ਇਹ ਸਾਰੀਆਂ ਪੁਸਤਕਾਂ ਗੁਰਮਤਿ ਪ੍ਰਚਾਰ ਲਈ ਸੰਗਤਾਂ ਵਿੱਚ ਭੇਟਾ ਰਹਿਤ ਵੰਡੀਆਂ ਜਾਂਦੀਆਂ ਹਨ।




### ਪੰਜਾਬੀ ਪ੍ਰਕਾਸ਼ਨਾਵਾਂ

1. ਸੇ ਕਿਨੇਹਿਆ? ਭਾਗ-1
2. ਸੇ ਕਿਨੇਹਿਆ? ਭਾਗ-2
3. ਸਬਦੁ ਗੁਰ ਪੀਰਾ
4. ਗੁਰੂ ਗ੍ਰੰਥ ਸਾਹਿਬ ਦਰਸ਼ਨ
5. ਬਾਰਹਮਾਹਾ ਮਾਂਝ (ਸਟੀਕ ਤੇ ਸਰਲ ਵੀਚਾਰ)
6. ਨਿੱਤਨੇਮ (ਸਰਲ-ਸਟੀਕ)
7. ਨਿੱਤਨੇਮ ਤੇ ਹੋਰ ਬਾਣੀਆਂ (ਗੁਟਕਾ ਸਾਹਿਬ)
8. ਸੁਖਮਨੀ ਸਾਹਿਬ (ਗੁਟਕਾ ਸਾਹਿਬ)
9. ਜਪੁਜੀ ਸਾਹਿਬ, ਰਹਿਰਾਸ ਸਾਹਿਬ, ਕੀਰਤਨ ਸੋਹਿਲਾ (ਗੁਟਕਾ ਸਾਹਿਬ)
10. ਲਾਵਾਂ (ਸਰਲ-ਸਟੀਕ)
11. ਅਰਦਾਸ (ਸਰਲ-ਸਟੀਕ)
12. ਗੁਰੁ ਸਾਗਰੁ
13. ਪ੍ਰਭੂ ਬਖਸ਼ਿਸ਼ ਕੇਸ
14. ਬਾਰਹਮਾਹਾ ਮਾਂਝ ਦੇ ਹਰ ਮਹੀਨੇ ਦੇ ਟ੍ਰੈਕਟ (ਸਟੀਕ)
15. ਗੁਰ ਚਾਲੀ
16. ਗੁਰੂ ਸਿਖਿਆਵਾਂ
17. ਸਮਾਜਿਕ ਕੁਰੀਤੀਆਂ
18. ਸਾਡਾ ਵਿਰਸਾ ਅਤੇ ਸ੍ਵੈ-ਪੜਚੋਲ
19. ਜੈਸੀ ਸੰਗਤਿ ਤੈਸੀ ਰੰਗਤ
20. ਐਸੇ ਕਾਹੇ ਭੂਲਿ ਪਰੇ
21. ਮਨੁੱਖਾ ਜਨਮ ਅਤੇ ਗੁਰੂ ਦੀ ਮਹਾਨਤਾ
22. ਗੁਰਬਾਣੀ ਸਤਿਕਾਰ
23. ਕਚਹੁ ਕੰਚਨੁ ਭਇਅਉ
24. ਸੰਤਨ ਕੀ ਸੁਣਿ ਸਾਚੀ ਸਾਖੀ
25. ਚੰਗੇ ਸਾਹਿਤ ਦਾ ਚਮਤਕਾਰੀ-ਲਾਭ
26. ਮਨੁੱਖਤਾ ਦੇ ਦੁਸ਼ਮਨ ਨਸ਼ੇ
27. ਸੰਖੇਪ ਜਾਣਕਾਰੀ (ਗੁਰਦੁਆਰਾ ਰਾਮਪੁਰ ਖੇੜਾ ਸਾਹਿਬ)
28. ਗੁਰਮਤਿ ਦੇ ਪਾਂਧੀ
29. ਰਾਗਮਾਲਾ ਮੰਡਨ ਪ੍ਰਬੋਧ
30. ਧਰਤ ਅਨੰਦਪੁਰ ਦੀ
31. ਸਾਨੂੰ ਨਾ ਮਾਰੋ
32. ਜਪੁਜੀ ਸਾਹਿਬ, ਰਹਿਰਾਸ ਸਾਹਿਬ, ਕੀਰਤਨ ਸੋਹਿਲਾ (ਸਰਲ-ਸਟੀਕ)
33. ਕਲਮ ਦੀ ਸ਼ਕਤੀ

**(ਧਾਰਮਿਕ ਪੰਜਾਬੀ ਫਿਲਮਾਂ)** 1. ਉਜੜ ਥੇਹੁ ਵਸਾਇਓ, 2. ਆਪਣੀ ਖੇਤੀ ਰਖਿ ਲੈ

### English Publications

1. Se Kinehiya Part-I
2. Se Kinehiya Part-II
3. Shabad Gur Peera
4. Guru Granth Sahib Darshan
5. Nitnem ( Simpified Exposition)
6. Ardaas ( Simpified Exposition)
7. Baaraah Maahaa Maanjh ( Simpified Exposition)
8. Laawaan ( Simpified Exposition)
9. Japji Sahib, Rehraas Sahib and Kirtan Sohilaa ( Simpified Exposition)
10. Hair; A Divine Gift
11. Social Malpractice
12. Human Existence and Importance of the Guru
13. Intoxicants; Enemy of Humanity
14. Cosmic Divinity of Adi Guru Granth Sahib
15. As the Company So We Are
16. Our Inheritance & Introspection
17. Miracle of Gurmat literature
18. Glass is transformed into Gold
19. Gur Sagar
20. Don't kill us

### हिंदी प्रकाशनाएं

1. से किनेहिआ (भाग-1)
2. से किनेहिआ (भाग-2)
3. शबद गुर पीरा
4. गुरू ग्रन्थ साहिब दर्शन
5. प्रभू बख्शिश केस
6. मनुष्यता के दुशमन नशे
7. बारहमाहा माँझ (अर्थ सहित)
8. नितनेम (अर्थ सहित)
9. लावाँ (अर्थ सहित)

# Audio Books (MP3) & Punjabi Religious Films

ਅਜੋਕੇ ਸਮੇਂ ਦੇ ਹਾਣੀ ਹੁੰਦਿਆਂ, ਸਾਰੀਆਂ ਪੁਸਤਕਾਂ/ਕਿਤਾਬਚਿਆਂ ਨੂੰ Audio Books ਦੇ ਰੂਪ ਵਿੱਚ ਵੀ ਸੰਗਤਾਂ ਨੂੰ ਭੇਟਾ ਰਹਿਤ ਵੰਡਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਨਸ਼ਿਆਂ ਆਦਿਕ ਦੇ ਬੁਰੇ ਪ੍ਰਭਾਵ ਨੂੰ ਦਰਸਾਉਣ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਵੱਖੋ-ਵੱਖਰੇ ਸਮਾਜਿਕ ਵਿਸ਼ਿਆਂ ਨੂੰ ਛੂੰਹਦੀਆਂ ਅਤੇ ਚੇਤਨਾ ਪੈਦਾ ਕਰਨ ਵਾਲੀਆਂ ਦੋ ਧਾਰਮਿਕ ਫਿਲਮਾਂ "ਉਜੜੁ ਥੇਹੁ ਵਸਾਇਓ" ਅਤੇ "ਆਪਣੀ ਖੇਤੀ ਰਖਿ ਲੈ" ਦਾ ਨਿਰਮਾਣ ਵੀ ਕੀਤਾ ਹੈ ਅਤੇ ਅਗਾਂਹ ਇਹ ਕਾਰਜ ਜਾਰੀ ਹੈ।




## ਪਬਲੀਕੇਸ਼ਨ ਸਟੋਰ

ਗੁਰਦੁਆਰਾ ਸਾਹਿਬ ਵੱਲੋਂ ਇਹ ਸਾਰੀਆਂ ਪੁਸਤਕਾਂ ਛਪਵਾ ਕੇ, ਦੇਸ਼-ਵਿਦੇਸ਼ ਦੀਆਂ ਸੰਗਤਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਭੇਟਾ ਰਹਿਤ ਵੰਡੀਆਂ ਗਈਆਂ ਹਨ ਅਤੇ ਵੰਡੀਆਂ ਜਾ ਰਹੀਆਂ ਹਨ। ਉਪ੍ਰੋਕਤ ਗੁਰਮਤਿ ਸਾਹਿਬ ਦੀ ਸੰਭਾਲ ਕਰਨ ਲਈ ਵੱਡ-ਆਕਾਰੀ ਤਿੰਨ ਸਟੋਰ ਉਚੇਚੇ ਤਿਆਰ ਕੀਤੇ ਗਏ ਹਨ, ਜਿੱਥੋਂ ਕੋਈ ਵੀ ਪ੍ਰਾਣੀ ਅਗਾਂਹ ਪ੍ਰਚਾਰ ਲਈ ਜਿੰਨੀਆਂ ਵੀ ਪੁਸਤਕਾਂ, ਕਿਤਾਬਚੇ ਜਾਂ CDs ਲਿਜਾਣਾ ਚਾਹੇ, ਭੇਟਾ ਰਹਿਤ ਲਿਜਾ ਸਕਦਾ ਹੈ।



ਪਬਲੀਕੇਸ਼ਨ ਸਟੋਰ ਪਬਲੀਕੇਸ਼ਨ ਸਟੋਰ

ਵੱਡੇ ਸਮਾਗਮਾਂ ਲਈ ਇੱਕ 265ft X 145ft ਦਾ ਵਿਸ਼ਾਲ ਦੀਵਾਨ ਹਾਲ ਬਣਾਇਆ ਗਿਆ ਹੈ, ਜਿਸਦਾ ਸਾਰਾ ਢਾਂਚਾ (Structure) ਸਟੀਲ ਦਾ ਬਣਿਆ ਹੋਇਆ ਹੈ ਇਸ ਵਿਚਕਾਰ ਕੋਈ ਵੀ ਥੰਮ੍ਹਲਾ (Pillar) ਨਹੀਂ ਹੈ।

ਗੁਰਦੁਆਰਾ ਸਾਹਿਬ ਵਿੱਚ ਸੰਗਤਾਂ ਨੂੰ ਸਾਫ ਪਾਣੀ ਮੁਹੱਈਆ ਕਰਨ ਲਈ ਦੋ ਵੱਡ ਅਕਾਰੀ ਟੈਂਕੀਆਂ ਬਣਾਈਆ ਹੋਈਆ ਹਨ ; ਜਿਨ੍ਹਾਂ ਦੀ ਸਮਰੱਥਾ 50 ਹਜ਼ਾਰ ਲਿਟਰ ਅਤੇ ਇੱਕ ਲੱਖ ਲਿਟਰ ਦੀ ਹੈ। ਗਰਮ-ਪਾਣੀ ਦੀ ਸਹੂਲਤ (Solar System) ਰਾਹੀਂ ਵੀ ਸੰਗਤ ਨੂੰ ਮੁਹੱਈਆ ਕੀਤੀ ਜਾਂਦੀ ਹੈ।



ਦੀਵਾਨ ਹਾਲ ਵਿੱਚ ਬੈਠੀ ਹੋਈ ਸੰਗਤ




## ਲੰਗਰ ਅਸਥਾਨ ਸ੍ਰੀ ਅਨੰਦਪੁਰ ਸਾਹਿਬ

ਹੋਲੇ-ਮਹੱਲੇ ਅਤੇ ਖਾਲਸਾ ਸਿਰਜਨਾ ਦਿਵਸ (ਵੈਸਾਖੀ) ਪੁਰਬਾਂ ਤੇ, ਸੰਗਤ ਦੀ ਸਹੂਲਤ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਲੰਗਰ ਗੁਰਦੁਆਰਾ ਸਾਹਿਬ ਵੱਲੋਂ ਲਗਾਏ ਜਾਂਦੇ ਹਨ। ਇਸ ਅਸਥਾਨ ਤੇ ਸੰਗਤ ਦੀ ਰਿਹਾਇਸ਼ ਵਾਸਤੇ 38 ਕਮਰੇ ਅਤੇ ਲੰਗਰ ਛਕਾਉਣ ਵਾਸਤੇ ਵੱਡੇ ਲੰਗਰ ਹਾਲ ਦਾ ਨਿਰਮਾਣ ਕੀਤਾ ਗਿਆ ਹੈ।



## ਬ੍ਰਿਧ-ਆਸ਼ਰਮ

ਜਿਨ੍ਹਾਂ ਬਜ਼ੁਰਗਾਂ ਦੀ ਘਰਾਂ ਵਿੱਚ ਬੱਚੇ ਜਾਂ ਪਰਿਵਾਰ ਦੇਖ-ਭਾਲ ਨਹੀਂ ਕਰਦੇ, ਅਜਿਹੇ ਬਜ਼ੁਰਗਾਂ ਦੀ ਸੇਵਾ ਸੰਭਾਲ ਦਾ ਕਾਰਜ ਵੀ ਗੁਰਦੁਆਰਾ ਸਾਹਿਬ ਵਿਖੇ ਕੀਤਾ ਜਾਂਦਾ ਹੈ ਜਿੱਥੇ ਉਨ੍ਹਾਂ ਦੀ ਦੇਖ-ਭਾਲ ਦੇ ਨਾਲ-ਨਾਲ ਵਧੀਆ ਰਿਹਾਇਸ਼, ਖੁਰਾਕ ਅਤੇ ਬਸਤਰ ਆਦਿਕ ਗੁਰਦੁਆਰਾ ਸਾਹਿਬ ਵੱਲੋਂ ਮੁਹੱਈਆਂ ਕੀਤੇ ਜਾਂਦੇ ਹਨ।

## ਲੋੜਵੰਦਾਂ ਦੀਆਂ ਬੱਚੀਆਂ ਦੇ ਅਨੰਦ ਕਾਰਜ ਤੇ ਹੋਰ ਮਦਦ

ਗੁਰਦੁਆਰਾ ਸਾਹਿਬ ਵਿਖੇ ਸਮੂਹਿਕ ਅਨੰਦ ਕਾਰਜਾਂ ਦੀ ਥਾਂ ਗਰੀਬ, ਲੋੜਵੰਦ ਬੱਚੀਆਂ ਦੇ ਅਨੰਦ ਕਾਰਜ ਅਕਸਰ ਹੁੰਦੇ ਹੀ ਰਹਿੰਦੇ ਹਨ, ਜਿਨ੍ਹਾਂ ਦਾ ਸਾਰਾ ਖਰਚਾ ਗੁਰੂ-ਘਰ ਵੱਲੋਂ ਕੀਤਾ ਜਾਂਦਾ ਹੈ।

## ਸੰਤ ਬਾਬਾ ਹਰਨਾਮ ਸਿੰਘ ਜੀ ਮੈਮੋਰੀਅਲ ਮਲਟੀਮੀਡੀਆ ਪ੍ਰੋਜੈਕਟਸ

ਸਮੇਂ ਦੇ ਹਾਣੀ ਬਣਨ ਲਈ ਗੁਰਦੁਆਰਾ ਸਾਹਿਬ ਵਲੋਂ "ਸੰਤ ਬਾਬਾ ਹਰਨਾਮ ਸਿੰਘ ਜੀ ਮੈਮੋਰੀਅਲ ਮਲਟੀਮੀਡੀਆ ਪ੍ਰੋਜੈਕਟਸ" ਸ਼ੁਰੂ ਕੀਤੇ ਗਏ ਹਨ। ਜਿਨ੍ਹਾਂ ਤਹਿਤ ਗੁਰਦੁਆਰਾ ਸਾਹਿਬ ਵਿਖੇ ਚੱਲਦੇ ਸਮਾਗਮਾਂ ਨੂੰ ਆਨਲਾਈਨ ਲਾਈਵ ਦਿਖਾਉਣ ਲਈ ਦੋ ਵੈੱਬਸਾਈਟਾਂ (websites) www.RamPurKhera.Com ਅਤੇ www.RamPurKheraLive.Com ਬਣਾਈਆਂ ਗਈਆਂ ਹਨ। ਇਨ੍ਹਾਂ ਵੈੱਬਸਾਈਟਾਂ ਰਾਹੀਂ ਆਪ ਜੀ ਦੇਸ਼-ਵਿਦੇਸ਼ ਵਿੱਚ ਘਰ ਬੈਠਿਆਂ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਵਿਸ਼ੇਸ਼ ਸਮਾਗਮਾਂ ਨੂੰ ਲਾਈਵ ਦੇਖ ਸਕਦੇ ਹੋ ਅਤੇ ਗੁਰਦੁਆਰਾ ਸਾਹਿਬ ਵਲੋਂ ਛਪੇ ਹੋਏ ਧਾਰਮਿਕ ਅਤੇ ਸਮਾਜਿਕ ਲਿਟਰੇਚਰ ਦੀਆਂ PDFBooks, Audio Books, ਨਵੇਂ ਅਤੇ ਪਹਿਲੇ ਸਮਾਗਮਾਂ ਦੇ ਕਥਾ-ਕੀਰਤਨ ਦੀਆਂ MP3 ਅਤੇ Videos ਨੂੰ ਆਨਲਾਈਨ ਜਾਂ Download ਕਰ ਕੇ ਵੀ ਵੇਖ-ਸੁਣ ਸਕਦੇ ਹੋ। ਗੁਰਦੁਆਰਾ ਸਾਹਿਬ ਦੇ ਕੰਪਿਊਟਰ ਰੂਮ ਵਿੱਚ ਹੀ ਵੱਖ-ਵੱਖ ਭਾਸ਼ਾਵਾਂ ਵਿੱਚ ਧਾਰਮਿਕ ਪੁਸਤਕਾਂ ਦੀ ਕੰਪੋਜ਼ਿੰਗ, ਡਿਜ਼ਾਈਨਿੰਗ ਆਦਿ ਕੀਤੀ ਜਾਂਦੀ ਹੈ। ਗੁਰਬਾਣੀ ਅਤੇ ਕੀਰਤਨ ਦੇ ਅਰਥ ਸਮਝਣ ਲਈ ਸੰਗਤ ਦੀ ਸਹੂਲਤ ਵਾਸਤੇ ਗੁਰਦੁਆਰਾ ਸਾਹਿਬ ਦੇ ਅੰਦਰ ਦੋ ਵੱਡੇ LED TV ਲਗਾ ਕੇ ਗੁਰਬਾਣੀ ਨੂੰ Live Display ਕੀਤਾ ਜਾਂਦਾ ਹੈ। ਵੱਡੇ ਸਮਾਗਮਾਂ ਵਿੱਚ ਸੰਗਤ ਦੀ ਸ਼ਮੂਲੀਅਤ ਜਿਆਦਾ ਹੋਣ ਕਰਕੇ ਪ੍ਰਕਰਮਾਂ ਵਿੱਚ 4 Projector ਅਤੇ ਸਕਰੀਨਾਂ ਲਗਾ ਕੇ ਗੁਰਦੁਆਰਾ ਸਾਹਿਬ ਅੰਦਰ ਚੱਲ ਰਿਹਾ ਸਾਰਾ ਸਮਾਗਮ ਲਾਈਵ ਦਿਖਾਇਆ ਜਾਂਦਾ ਹੈ। ਇੱਥੇ ਹੀ ਆਡੀਓ-ਵੀਡੀਓ ਦੀ ਰਿਕਾਰਡਿੰਗ ਅਤੇ ਐਡਿਟਿੰਗ ਕਰ ਕੇ CDs ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਹਿਤ ਸੰਗਤ ਵਿੱਚ Free ਵੰਡੀਆਂ ਜਾਂਦੀਆਂ ਹਨ। ਅਜਾਇਬ ਘਰ ਵਿੱਚ ਵੀ ਮਲਟੀਮੀਡੀਆ ਰਾਹੀਂ ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਦਰਸਾਉਂਦੀਆਂ ਤਸਵੀਰਾਂ ਨੂੰ LED TV ਉੱਤੇ Display ਕੀਤਾ ਗਿਆ ਹੈ। ਸੋਸ਼ਲ ਮੀਡੀਆ ਜਿਵੇਂ Facebook, Whatsapp, Youtube, Twitter, ਆਦਿ ਰਾਹੀਂ ਵੀ ਗਰੁੱਪ ਬਣਾ ਕੇ ਗੁਰਦੁਆਰਾ ਸਾਹਿਬ ਵਲੋਂ ਹਰ (Updates) ਨਵੀਂ ਜਾਣਕਾਰੀ ਦਿੱਤੀ ਜਾਂਦੀ ਹੈ।

# ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਦੀਆਂ ਨਿੱਘੀਆਂ ਯਾਦਾਂ

ਜਿਸ ਕਮਰੇ ਵਿੱਚ ਬਾਬਾ ਜੀ ਨੇ ਆਪਣੇ ਜੀਵਨ ਦਾ ਕਾਫੀ ਸਮਾਂ ਪ੍ਰਭੂ ਯਾਦ ਵਿੱਚ ਜੁੜ ਕੇ ਬਤੀਤ ਕੀਤਾ, ਉਸਨੂੰ ਵਡੇਰਿਆਂ ਦੀ ਯਾਦ ਵਜੋਂ ਸੰਭਾਲਿਆ ਗਿਆ ਹੈ। ਇਸ ਵਿੱਚ ਬਾਬਾ ਜੀ ਦੇ ਬਸਤਰ (ਚੋਲਾ, ਸਵੈਟਰ, ਲੋਈ, ਹਜ਼ੂਰੀਆ, ਦਸਤਾਰ), ਸ੍ਰੀ ਸਾਹਿਬ, ਕੜਾ, ਜੇਬ-ਘੜੀ, ਕੰਧ-ਘੜੀ, ਛੜੀਆਂ-ਆਦਿਕ, ਢੋਲਕੀ-ਚਿਮਟੇ (ਜਿਨ੍ਹਾਂ ਨਾਲ ਸੰਗਤਾਂ ਅਰੰਭਲੇ ਦਿਨਾਂ ਵਿੱਚ ਕੀਰਤਨ ਕਰਿਆ ਕਰਦੀਆਂ ਸਨ) ਅਤੇ ਪੁਰਾਤਨ ਮੰਜਾ (ਜੋ ਬਾਬਾ ਜੀ ਰਾਮਪੁਰ ਥੇਹ ਤੇ ਆਉਣ ਸਮੇਂ ਨਾਲ ਲੈ ਕੇ ਆਏ ਸਨ) ਨੂੰ ਕਿਸੇ ਪੂਜਾ ਦੇ ਮੰਤਵ ਨਾਲ ਨਹੀਂ ਬਲਕਿ ਕੇਵਲ ਤੇ ਕੇਵਲ ਆਪਣੇ ਵਡੇਰਿਆਂ ਦੀ ਇੱਕ ਯਾਦ ਵਜੋਂ ਸੰਭਾਲਿਆ ਹੋਇਆ ਹੈ।



ਪੁਰਾਤਨ ਮੰਜਾ



ਬਸਤਰਾਂ ਵਾਲੀ ਅਲਮਾਰੀ



ਬਾਬਾ ਜੀ ਦੀ ਛੰਨ

# ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਦਾ ਤਪ ਅਸਥਾਨ (ਗੁਫ਼ਾ)

ਜਿਸ ਗੁਫ਼ਾ ਵਿੱਚ ਬਾਬਾ ਜੀ ਨੇ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਪਾਵਨ ਮੁਖਵਾਕ "ਭੂਖੇ ਕਉ ਦੇਵਤ ਅਧਾਰ" ਨੂੰ ਸਾਕਾਰ ਕਰਦਿਆਂ ਬਿਨਾਂ ਕਿਸੇ ਸਰੀਰਕ ਅਹਾਰ ਲਏ ਚਾਲ੍ਹੀ ਦਿਨ ਲਗਾਤਾਰ ਪਰਮੇਸ਼ਵਰ ਜੀ ਦਾ ਆਰਾਧਨ ਕੀਤਾ ਅਤੇ ਪਰਮੇਸ਼ਵਰੀ ਪਿਆਰ ਦਾ ਅਨੰਦ ਮਾਣਿਆ। ਨਾਮ ਜਪ ਦੀ ਬਰਕਤ ਨਾਲ ਸਰੀਰ ਵਿੱਚ ਵੀ ਕੋਈ ਕਮਜੋਰੀ ਨਹੀਂ ਆਈ।



ਗੁਫ਼ਾ ਦਾ ਅੰਦਰਲਾ ਕਮਰਾ



ਬਾਬਾ ਜੀ ਦੀ ਗੁਫ਼ਾ ਦਾ ਬਾਹਰਲਾ ਕਮਰਾ

# ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਪਹੁੰਚਣ ਲਈ ਰਸਤੇ ਦਾ ਨਕਸ਼ਾ

## ਰੂਟ ਨੰਬਰ 1

### ਫਗਵਾੜਾ ਤੋਂ ਗੁਰਦੁਆਰਾ ਸਾਹਿਬ ਵਾਇਆ ਹੁਸ਼ਿਆਰਪੁਰ

| | |
|---|---|
| ਫਗਵਾੜਾ ਤੋਂ ਹੁਸ਼ਿਆਰਪੁਰ | 37 ਕਿ:ਮੀ. |
| ਹੁਸ਼ਿਆਰਪੁਰ ਤੋਂ ਗੋਂਦਪੁਰ | 28 ਕਿ:ਮੀ: |
| ਗੋਂਦਪੁਰ ਤੋਂ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ | 1 ਕਿ:ਮੀ: |

## ਰੂਟ ਨੰਬਰ 2


### ਜਲੰਧਰ ਤੋਂ ਗੁਰਦੁਆਰਾ ਸਾਹਿਬ ਵਾਇਆ ਹੁਸ਼ਿਆਰਪੁਰ

| | |
|---|---|
| ਜਲੰਧਰ ਤੋਂ ਹੁਸ਼ਿਆਰਪੁਰ | 45 ਕਿ:ਮੀ: |
| ਹੁਸ਼ਿਆਰਪੁਰ ਤੋਂ ਗੋਂਦਪੁਰ | 28 ਕਿ:ਮੀ: |
| ਗੋਂਦਪੁਰ ਤੋਂ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ | 1 ਕਿ:ਮੀ: |

## ਰੂਟ ਨੰਬਰ 3

### ਜਲੰਧਰ ਤੋਂ ਗੁਰਦੁਆਰਾ ਸਾਹਿਬ ਵਾਇਆ ਦਸੂਹਾ

| | |
|---|---|
| ਜਲੰਧਰ ਤੋਂ ਦਸੂਹਾ | 60 ਕਿ:ਮੀ: |
| ਦਸੂਹਾ ਤੋਂ ਗੜ੍ਹਦੀਵਾਲਾ | 11 ਕਿ:ਮੀ: |
| ਗੜ੍ਹਦੀਵਾਲਾ ਤੋਂ ਗੋਂਦਪੁਰ | 2 ਕਿ:ਮੀ: |
| ਗੋਂਦਪੁਰ ਤੋਂ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ | 1 ਕਿ:ਮੀ: |




## ਮੋਖ ਰਹਿਤ ਪੁਸਤਕਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ

**INDIA**

**Gurdwara Ram Pur Khera**

**P.O. Garhdiwala Distt. Hoshiarpur-144207 (Pb.)**
**Phone No. 01886 260334.**
**Email: RamPurKhera@Yahoo.ca | www.RamPurKhera.com**

**CANADA**

- S. Pershan Singh (Mississauga, ON) (905) 820-0488
- S. Bhupinder Singh (Brampton, ON) (647) 290-3200
- S. Kashmir Singh (Brampton, ON) (647) 895-9655
- S. Dilbag Singh (Surrey, BC) (604) 591-3968
- S. Ranjodh Singh (Surrey, BC) (604) 725-3349
- S. Gurprit Singh (Calgary, AB) (403) 705-2722

**USA**

- S. Rajinder Singh Raja (Manteca CA) (408) 466-7105, (209) 456-6813
- S. Sukhbir Singh (Yuba City, CA) (530) 673-7225
- S. Gurdial Singh (Modesto, CA) (209) 495-9544
- S. Madanjit Singh (Fairfield, CA) (707) 399-8720
- S. Sukhjit Singh (Los Angeles, CA) (714) 535-8118

**U.K.**

- S. Harbinder Singh (Wolverhampton) 01902-333914
- S. Gurpreet Singh (Wolverhampton) 07830-302444




DESIGN & PRINT : ARTHOME, JALANDHAR # +91-98141-11004